# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 25 ਮਈ 2026 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਿਰਜਣਾ ਦੇ ਆਰ-ਪਾਰ : ਹਰਦਿਆਲ ਸਿੰਘ ਝੀਤਾ ਨਾਲ ਪ੍ਰੇਰਨਾਮਈ ਅਤੇ ਯਾਦਗਾਰੀ ਰੂਬਰੂ

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ

ਬਰੈਂਪਟਨ, 25 ਮਈ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫਾਊਂਡਰ ਰਮਿੰਦਰ ਰੰਮੀ ਦੀ ਅਗਵਾਈ ਹੇਠ ਪ੍ਰੋ. ਡਾ. ਕੁਲਜੀਤ ਕੌਰ ਵੱਲੋਂ "ਸਿਰਜਣਾ ਦੇ ਆਰ-ਪਾਰ" ਪ੍ਰੋਗਰਾਮ ਤਹਿਤ ਕੈਨੇਡਾ ਵੱਸਦੇ ਪ੍ਰਮੁੱਖ ਸਮਾਜ ਸੇਵੀ ਅਤੇ ਸਾਹਿਤਕ ਸ਼ਖਸੀਅਤ ਹਰਦਿਆਲ ਸਿੰਘ ਝੀਤਾ ਨਾਲ ਵਿਸ਼ੇਸ਼ ਰੂਬਰੂ 24 ਮਈ ਐਤਵਾਰ ਨੂੰ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸੁਰਜੀਤ ਜੀ ਨੇ ਸਵਾਗਤੀ ਸ਼ਬਦਾਂ ਨਾਲ ਕੀਤੀ ਅਤੇ ਹਾਜ਼ਰ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਿਹਾ।ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ . ਦਲਬੀਰ ਸਿੰਘ ਕਥੂਰੀਆ ਜੀ ਨੇ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਨਿਕਾਲ ਕੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਤੇ ਆਪਣੇ ਵਿਚਾਰ ਵੀ ਸਾਂਝੇ ਕੀਤੇ ।




ਪ੍ਰੋ. ਕੁਲਜੀਤ ਕੌਰ ਨੇ ਹਰਦਿਆਲ ਸਿੰਘ ਝੀਤਾ ਦੀ ਸ਼ਖਸੀਅਤ ਅਤੇ ਸਾਹਿਤਕ ਯਾਤਰਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਹ ਬਹੁਤ ਹੀ ਸੰਵੇਦਨਸ਼ੀਲ, ਨਿਮਰ ਅਤੇ ਮਾਂ-ਬੋਲੀ ਪੰਜਾਬੀ ਨਾਲ ਡੂੰਘੀ ਤਰ੍ਹਾਂ ਜੁੜੇ ਹੋਏ ਸਾਹਿਤਕਾਰ ਹਨ। ਉਹਨਾਂ ਨੇ ਝੀਤਾ ਜੀ ਦੇ ਜੀਵਨ ਸਫ਼ਰ ਨੂੰ ਤਸਵੀਰਾਂ ਅਤੇ ਯਾਦਾਂ ਰਾਹੀਂ ਬੜੀ ਸੁੰਦਰਤਾ ਨਾਲ ਪੇਸ਼ ਕੀਤਾ।

ਰੂਬਰੂ ਦੌਰਾਨ ਹਰਦਿਆਲ ਸਿੰਘ ਝੀਤਾ ਜੀ ਨੇ ਆਪਣੇ ਪਰਿਵਾਰਕ ਪਿਛੋਕੜ, ਪਿੰਡ ਅਤੇ ਸੰਘਰਸ਼ ਭਰੇ ਜੀਵਨ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਉਹਨਾਂ ਦੱਸਿਆ ਕਿ ਉਹਨਾਂ ਦੇ ਪਿਤਾ ਜੀ ਨੇ ਦੁਬਈ ਵਿੱਚ ਕਠਿਨ ਮਿਹਨਤ ਕਰਕੇ ਪਰਿਵਾਰ ਦੀ ਪਰਵਰਿਸ਼ ਕੀਤੀ ਅਤੇ ਨਾਲ ਹੀ ਨੈਤਿਕ ਕਦਰਾਂ-ਕੀਮਤਾਂ ਦੀ ਸਿੱਖਿਆ ਵੀ ਦਿੱਤੀ। ਨਕੋਦਰ ਦੇ ਫਰਨੀਚਰ ਸਟੋਰ ਤੋਂ ਸ਼ੁਰੂ ਹੋਇਆ ਜੀਵਨ-ਸਫ਼ਰ ਦੁਬਈ ਅਤੇ ਫਿਰ ਕੈਨੇਡਾ ਤੱਕ ਪਹੁੰਚਿਆ। ਉਹਨਾਂ ਕਿਹਾ ਕਿ ਪਹਿਲਾਂ ਵਿਦੇਸ਼ ਜਾਣ ਦੀ ਇੰਨੀ ਹੋੜ ਨਹੀਂ ਸੀ, ਪਰ 2005 ਤੋਂ ਬਾਅਦ ਅਤੇ ਖਾਸ ਕਰਕੇ 2015 ਤੋਂ ਬਾਅਦ ਕੈਨੇਡਾ ਵੱਲ ਨੌਜਵਾਨਾਂ ਦਾ ਰੁਝਾਨ ਕਾਫ਼ੀ ਵਧ ਗਿਆ।
ਉਹਨਾਂ ਆਪਣੇ ਸੰਘਰਸ਼ਮਈ ਦੌਰ ਨੂੰ ਯਾਦ ਕਰਦਿਆਂ ਦੱਸਿਆ ਕਿ ਦੁਬਈ ਦੀ ਤਪਦੀ ਧੁੱਪ ਵਿੱਚ ਲਗਭਗ ਪੰਦਰਾਂ ਸਾਲ ਮਿਹਨਤ ਕਰਨ ਤੋਂ ਬਾਅਦ ਉਹ ਆਪਣੇ ਭਰਾਵਾਂ ਦੇ ਪਿੱਛੇ ਕੈਨੇਡਾ ਪਹੁੰਚੇ। ਸਾਹਿਤ ਨਾਲ ਪਿਆਰ ਉਹਨਾਂ ਨੂੰ ਸੱਤਵੀਂ ਜਮਾਤ ਤੋਂ ਹੀ ਹੋ ਗਿਆ ਸੀ, ਜਦੋਂ ਉਹ ਆਪਣੇ ਇੱਕ ਅਧਿਆਪਕ ਤੋਂ ਬਹੁਤ ਪ੍ਰਭਾਵਿਤ ਹੋਏ। ਪ੍ਰਵਾਸੀ ਜੀਵਨ ਦੀ ਇਕੱਲਤਾ, ਭੂ-ਹੇਰਵਾ ਅਤੇ ਮਨ ਦੇ ਖਾਲੀਪਣ ਨੇ ਉਹਨਾਂ ਨੂੰ ਕਲਮ ਦਾ ਸਹਾਰਾ ਲੈਣ ਲਈ ਪ੍ਰੇਰਿਆ।

ਕੈਨੇਡਾ ਵਿੱਚ ਪਿਆਰਾ ਸਿੰਘ ਕੁੱਦੋਵਾਲ ਨਾਲ ਮਿਲਾਪ ਅਤੇ "ਕਲਮਾਂ ਦੀ ਸਾਂਝ" ਅਤੇ ਹੋਰ ਸਾਹਿਤਕ ਸੰਸਥਾਵਾਂ ਦੇ ਜੁੜਾਅ ਨੇ ਉਹਨਾਂ ਦੀ ਸਾਹਿਤਕ ਚੇਤਨਾ ਨੂੰ ਹੋਰ ਮਜ਼ਬੂਤ ਕੀਤਾ। ਉਹਨਾਂ ਰਾਮਗੜ੍ਹੀਆ ਐਸੋਸੀਏਸ਼ਨ ਨਾਲ ਮਿਲ ਕੇ ਕਈ ਕਵੀ ਦਰਬਾਰ ਕਰਵਾਏ, ਜਿਨ੍ਹਾਂ ਨੇ ਉਹਨਾਂ ਦੀ ਸ਼ਖਸੀਅਤ ਨੂੰ ਹੋਰ ਨਿਖਾਰਿਆ।ਹਰਦਿਆਲ ਸਿੰਘ ਝੀਤਾ ਦੀ ਕਵਿਤਾ ਸਮਾਜਕ, ਧਾਰਮਿਕ ਅਤੇ ਮਨੁੱਖੀ ਮਸਲਿਆਂ ਨੂੰ ਛੂਹਦੀ ਹੈ। ਉਹਨਾਂ ਕਿਹਾ ਕਿ ਅੱਜ ਸਮਾਜ ਦੇ ਹਰ ਖੇਤਰ ਵਿੱਚ ਫੈਲਿਆ ਪ੍ਰਦੂਸ਼ਣ ਅਤੇ ਮਨੁੱਖੀ ਮੁੱਲਾਂ ਦੀ ਘਾਟ ਉਹਨਾਂ ਦੇ ਚਿੰਤਨ ਦਾ ਕੇਂਦਰ ਹੈ। ਇਸ ਮੌਕੇ ਉਹਨਾਂ ਨੇ ਆਪਣੀ ਕਵਿਤਾ "ਦਸਤਾਵੇਜ਼" ਸਾਂਝੀ ਕੀਤੀ, ਜਿਸ ਵਿੱਚ ਧਾਰਮਿਕ ਕੱਟੜਤਾ ਅਤੇ ਸਮਾਜਕ ਵਿਸੰਗਤੀਆਂ ਉੱਤੇ ਗੰਭੀਰ ਪ੍ਰਹਾਰ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਆਤਮਿਕ ਸ਼ਾਂਤੀ ਅਤੇ ਆਤਮ-ਪੜਚੋਲ ਲਈ ਉਹ ਸਾਧਨਾ ਅਤੇ ਮੈਡੀਟੇਸ਼ਨ ਦੇ ਰਾਹ ਨਾਲ ਵੀ ਜੁੜੇ ਰਹੇ ਹਨ।

ਆਪਣੀ ਜੀਵਨ ਸਾਥਣ ਕਮਲਜੀਤ ਕੌਰ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਉਹਨਾਂ ਨੂੰ ਹਰ ਕਦਮ 'ਤੇ ਸਾਥ ਦੇਣ ਵਾਲੀ, ਨੈਤਿਕ ਕਦਰਾਂ ਵਾਲੀ ਅਤੇ ਪਰਿਵਾਰ ਨੂੰ ਸੰਭਾਲਣ ਵਾਲੀ ਸਾਥਣ ਮਿਲੀ। ਉਹਨਾਂ ਕਿਹਾ ਕਿ 18 ਸਾਲ ਦੀ ਇਕੱਲਤਾ ਅਤੇ ਵਿਛੋੜੇ ਦੇ ਅਹਿਸਾਸ ਨੇ ਉਹਨਾਂ ਦੇ ਕਾਵਿ ਸੰਗ੍ਰਹਿ "ਤੇਰੇ ਬਾਝੋਂ" ਨੂੰ ਜਨਮ ਦਿੱਤਾ। ਇਸ ਮੌਕੇ ਉਹਨਾਂ ਨੇ "ਤੇਰਾ ਤਸੱਵਰ" ਸਮੇਤ ਆਪਣੀਆਂ ਕਈ ਭਾਵਪੂਰਨ ਕਵਿਤਾਵਾਂ ਵੀ ਸੁਣਾਈਆਂ।

ਪ੍ਰੋਗਰਾਮ ਦੌਰਾਨ ਕਈ ਸਾਹਿਤਕਾਰਾਂ ਅਤੇ ਸਾਥੀਆਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਮਹਿੰਦਰ ਪ੍ਰਤਾਪ ਨੇ ਹਰਦਿਆਲ ਸਿੰਘ ਝੀਤਾ ਨੂੰ ਨਰਮ-ਦਿਲ ਅਤੇ ਸੁਹਿਰਦ ਇਨਸਾਨ ਦੱਸਦਿਆਂ ਕਾਲਜ ਸਮੇਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਅਜੈਬ ਸਿੰਘ ਚੱਠਾ ਨੇ ਉਹਨਾਂ ਨੂੰ ਮਿਹਨਤੀ ਅਤੇ ਮਿੱਤਰਤਾ ਨਿਭਾਉਣ ਵਾਲੀ ਸ਼ਖਸੀਅਤ ਕਰਾਰ ਦਿੱਤਾ। ਹਰਭਜਨ ਕੌਰ ਗਿੱਲ ਨੇ ਕਿਹਾ ਕਿ ਝੀਤਾ ਜੀ ਦੀ ਕਵਿਤਾ ਸਮਾਜ ਵਿੱਚ ਫੈਲ ਰਹੀਆਂ ਬੁਰਾਈਆਂ, ਧਾਰਮਿਕ ਅੰਧਵਿਸ਼ਵਾਸ, ਦਾਜ ਪ੍ਰਥਾ, ਭਰੂਣ ਹੱਤਿਆ ਅਤੇ ਬੇਰੁਜ਼ਗਾਰੀ ਵਰਗੇ ਮਸਲਿਆਂ 'ਤੇ ਚੋਟ ਕਰਦੀ ਹੈ।

ਡਾ. ਸਰਬਜੀਤ ਕੌਰ ਸੋਹਲ ਨੇ ਉਹਨਾਂ ਦੇ ਸਾਹਿਤਕ ਯਤਨਾਂ ਅਤੇ ਪੰਜਾਬੀ ਭਾਸ਼ਾ ਪ੍ਰਤੀ ਸਮਰਪਣ ਦੀ ਸ਼ਲਾਘਾ ਕੀਤੀ।
ਇਸ ਮੌਕੇ ਮਈ ਮਹੀਨੇ ਦੇ "ਸਾਹਿਤਕ ਸਾਂਝਾਂ" ਅੰਕ ਨੂੰ ਵੀ ਰਿਲੀਜ਼ ਕੀਤਾ ਗਿਆ, ਜਿਸਨੂੰ ਰਮਿੰਦਰ ਰੰਮੀ ਵੱਲੋਂ ਬੜੀ ਮਿਹਨਤ ਨਾਲ ਸੰਪਾਦਿਤ ਕਰਕੇ ਪੇਸ਼ ਕੀਤਾ ਗਿਆ।

ਰਮਿੰਦਰ ਰੰਮੀ ਜੀ ਨੇ ਹਰਦਿਆਲ ਸਿੰਘ ਝੀਤਾ ਜੀ ਦੇ ਪਹਿਲੇ ਕਾਵਿ ਸੰਗ੍ਰਹਿ," ਤੇਰੇ ਬਾਝੋਂ"ਦਾ ਜਾਣਕਾਰੀ ਭਰਪੂਰ ਮੁਲਾਂਕਣ ਕਰਦਿਆਂ ਸਮੁੱਚੀ ਕਾਵਿ ਕਲਾ ਤੇ ਛੂਹੇ ਗਏ ਵਿਸ਼ਿਆਂ ਉੱਪਰ ਬਾਖੂਬੀ ਚਰਚਾ ਕੀਤੀ । ਉਹਨਾਂ ਦੀ ਰਚਨਾ ਨੋਜਵਾਨ ਪੀੜੀ ਲਈ ਸੇਧ ਦਿੰਦੀ ਹੈ। ਉਹ ਰੱਬ ਤੇ ਸੱਚੀ ਆਸਥਾ ਵਾਲੇ ਇਨਸਾਨ ਹਨ।

ਪ੍ਰੋਗਰਾਮ ਦੇ ਅੰਤ ਵਿੱਚ ਚੇਅਰਮੈਨ ਸ . ਪਿਆਰਾ ਸਿੰਘ ਕੁੱਦੋਵਾਲ ਨੇ ਇਸ ਪ੍ਰੋਗਰਾਮ ਪ੍ਰਤੀ ਸਮੁੱਚੇ ਪ੍ਰਭਾਵ ਦੱਸੇ ਤੇ ਹਾਜ਼ਰੀਨ ਮੈਂਬਰਜ਼ ਦਾ ਧੰਨਵਾਦ ਵੀ ਕੀਤਾ । ਉਹਨਾਂ ਨੇ ਹਰਦਿਆਲ ਸਿੰਘ ਝੀਤਾ ਦੀ ਸਾਦਗੀ, ਅਨੁਸ਼ਾਸਨ, ਆਧਿਆਤਮਿਕ ਸੋਚ ਅਤੇ ਪਰਿਵਾਰਕ ਮੁੱਲਾਂ ਦੀ ਵਿਸ਼ੇਸ਼ ਪ੍ਰਸ਼ੰਸਾ ਕੀਤੀ। ਉਹਨਾਂ ਕਿਹਾ ਕਿ ਝੀਤਾ ਜੀ ਲਈ "ਅਤਿਥੀ ਹੀ ਰੱਬ ਦਾ ਰੂਪ" ਹਨ ਅਤੇ ਉਹ ਨਾਮਧਾਰੀ ਸੰਗਤ ਅਤੇ ਸੇਵਾ ਭਾਵਨਾ ਨਾਲ ਡੂੰਘੀ ਤਰ੍ਹਾਂ ਜੁੜੇ ਹੋਏ ਹਨ।

ਸਮੁੱਚੇ ਰੂਪ ਵਿੱਚ "ਸਿਰਜਣਾ ਦੇ ਆਰ-ਪਾਰ" ਦਾ ਇਹ ਪ੍ਰੋਗਰਾਮ ਸਾਹਿਤਕ ਚੇਤਨਾ, ਜੀਵਨ ਅਨੁਭਵਾਂ, ਪਰਿਵਾਰਕ ਮੁੱਲਾਂ ਅਤੇ ਮਨੁੱਖੀ ਸੰਵੇਦਨਾਵਾਂ ਨਾਲ ਭਰਪੂਰ ਇੱਕ ਪ੍ਰੇਰਨਾਦਾਇਕ ਅਤੇ ਯਾਦਗਾਰੀ ਸਾਹਿਤਕ ਮਿਲਣੀ ਸਾਬਤ ਹੋਇਆ। ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਵਿਦਵਾਨਾਂ ਨੇ ਸ਼ਿਰਕਤ ਕੀਤੀ ਤੇ ਨਿੱਠ ਕੇ ਪ੍ਰੋਗਰਾਮ ਨੂੰ ਸੁਣਿਆ । ਧੰਨਵਾਦ ਸਹਿਤ । ਇਹ ਰਿਪੋਰਟ ਡਾ . ਪੁਸ਼ਵਿੰਦਰ ਕੌਰ ਖੋਖਰ ਜੀ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

## ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ, ਬੋਰਸਟਲ ਤੇ ਜਨਾਨਾ ਜੇਲ੍ਹਾਂ ਦੀ ਅਚਨਚੇਤ ਚੈਕਿੰਗ

### ਹਵਾਲਾਤੀਆਂ ਅਤੇ ਕੈਦੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਸੁਣਿਆ

### ਜੇਲ੍ਹ ਅਧਿਕਾਰੀਆਂ ਨੂੰ ਸਮੱਸਿਆਵਾਂ ਦਾ ਤੁਰੰਤ ਨਿਪਟਾਰਾ ਕਰਨ ਦੇ ਵੀ ਹੁਕਮ ਕੀਤੇ ਜਾਰੀ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 25 ਮਈ : ਜ਼ਿਲ੍ਹਾ ਤੇ ਸੈਸ਼ਨ ਜੱਜ—ਕਮ—ਚੇਅਰਪਰ ਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਮੈਡਮ ਹਰਪ੍ਰੀਤ ਕੌਰ ਰੰਧਾਵਾ ਵੱਲੋਂ ਕੇਂਦਰੀ ਜੇਲ੍ਹ, ਬੋਰਸਟਲ ਜੇਲ੍ਹ ਅਤੇ ਜਨਾਨਾ ਜੇਲ੍ਹ, ਲੁਧਿਆਣਾ ਦੀ ਅਚਨਚੇਤ ਚੈਕਿੰਗ ਕੀਤੀ ਗਈ।

ਚੈਕਿੰਗ ਦੌਰਾਨ ਜ਼ਿਲ੍ਹਾ ਤੇ ਸੈਸ਼ਨ ਜੱਜ ਰੰਧਾਵਾ ਵੱਲੋਂ ਕੇਂਦਰੀ ਜੇਲ੍ਹ, ਬੋਰਸਟਲ ਜੇਲ੍ਹ ਅਤੇ ਜਨਾਨਾ ਜੇਲ੍ਹ ਦੇ ਸੁਪਰਡੰਟ ਸਹਿਬਾਨਾਂ ਦੀ ਦੇਖ ਰੇਖ ਹੇਠ ਵੱਖ-ਵੱਖ ਹਵਾਲਾਤੀਆਂ ਅਤੇ ਕੈਦੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਸੁਣਿਆ ਗਿਆ ਅਤੇ ਮੌਕੇ 'ਤੇ ਹੀ ਜੇਲ੍ਹ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਤੁਰੰਤ ਕਰਨ ਦੇ ਹੁਕਮ ਜਾਰੀ ਕੀਤੇ ਗਏ।

ਉਨ੍ਹਾਂ ਜੇਲ੍ਹ ਬੰਦੀਆਂ ਨੂੰ ਦੱਸਿਆ ਕਿ ਜਿਹੜੇ ਬੰਦੀ ਆਪਣੇ ਕੇਸ ਦੀ ਪੈਰਵੀ ਲਈ ਆਪਣੇ ਪ੍ਰਾਈਵੇਟ ਪੱਧਰ 'ਤੇ ਐਡਵੋਕੇਟ ਹਾਇਰ ਕਰਨ ਵਿੱਚ ਅਸਮਰਥ ਹਨ, ਉਹ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਤੋਂ ਮੁਫਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਵੱਲੋਂ ਜੇਲ੍ਹ ਬੰਦੀਆਂ ਨੂੰ ਇਹ ਵੀ ਦੱਸਿਆ ਗਿਆ ਕਿ ਮੁਫਤ ਕਾਨੂੰਨੀ ਸਹਾਇਤਾ ਲੈਣ ਲਈ ਉਨ੍ਹਾਂ ਵੱਲੋਂ ਜੇਲ੍ਹ ਵਿੱਚ ਖੋਲ੍ਹੇ ਹੋਏ ਲੀਗਲ ਏਡ ਕਲੀਨਿਕ ਵਿੱਚ ਪੇਸ਼ ਹੋ ਕੇ ਕਾਨੂੰਨੀ ਸਹਾਇਤਾ ਦਾ ਫਾਰਮ ਭਰਵਾਇਆ ਜਾ ਸਕਦਾ ਹੈ।

ਜ਼ਿਲ੍ਹਾ ਤੇ ਸੈਸ਼ਨ ਜੱਜ—ਕਮ—ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਮੈਡਮ ਹਰਪ੍ਰੀਤ ਕੌਰ ਰੰਧਾਵਾ ਵੱਲੋਂ ਕੇਂਦਰੀ ਜੇਲ੍ਹ, ਬੋਰਸਟਲ ਜੇਲ੍ਹ ਅਤੇ ਜਨਾਨਾ ਜੇਲ੍ਹ ਦੇ ਸੁਪਰਡੰਟ ਨੂੰ ਜੇਲ੍ਹ ਵਿੱਚ ਪਾਈਆਂ ਗਈਆਂ ਕਮੀਆਂ ਬਾਬਤ ਦਿਸ਼ਾ—ਨਿਰਦੇਸ਼ ਜਾਰੀ ਕੀਤੇ ਗਏ ਅਤੇ ਹਦਾਇਤ ਕੀਤੀ ਗਈ ਕਿ ਪਾਈਆਂ ਗਈਆਂ ਕਮੀਆਂ 'ਤੇ ਤੁਰੰਤ ਅਮਲ ਸਬੰਧੀ ਰਿਪੋਰਟ ਪੇਸ਼ ਕੀਤੀ ਜਾਵੇ ।

ਇਸ ਮੌਕੇ ਹਿਮਾਂਸ਼ੂ ਅਰੋੜਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ, ਮੈਡਮ ਪਵਲੀਨ ਸਿੰਘ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ, ਲੁਧਿਆਣਾ ਅਤੇ ਲੀਗਲ ਏਡ ਡਿਫੈਂਸ ਕੌਂਸਲ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੀ ਮੌਜੂਦ ਸਨ।

## ਐਮਬੀਐਸ ਪੰਜਾਬ ਸਪੋਰਟਸ ਯੂਨੀਵਰਸਿਟੀ ਵੱਲੋਂ ਪੰਜਾਬ ਵਿੱਚ ਖੇਡ ਸਿੱਖਿਆ ਅਤੇ ਐਥਲੀਟ ਵਿਕਾਸ ਨੂੰ ਮਜ਼ਬੂਤ ਕਰਨ ਲਈ ਵੱਡੀ ਪਹਿਲਕਦਮੀ

### ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਵੱਲੋਂ ਜ਼ਿਲ੍ਹਾ ਖੇਡ ਅਧਿਕਾਰੀਆਂ ਨਾਲ ਮੀਟਿੰਗ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 25 ਮਈ:ਪੰਜਾਬ ਵਿੱਚ ਖੇਡ ਵਾਤਾਵਰਣ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਪਹਿਲਕਦਮੀ ਕਰਦਿਆਂ, ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਨੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਪੰਜਾਬ ਖੇਡ ਵਿਭਾਗ ਦੇ ਜ਼ਿਲ੍ਹਾ ਖੇਡ ਅਧਿਕਾਰੀਆਂ ਨਾਲ ਇੱਕ ਮੀਟਿੰਗ ਕੀਤੀ।

ਮੀਟਿੰਗ ਵਿੱਚ ਡਾਇਰੈਕਟਰ ਖੇਡ ਵਿਭਾਗ ਹਰਪ੍ਰੀਤ ਸਿੰਘ ਸੂਦਨ ਸਮੇਤ ਰਾਜ ਭਰ ਦੇ 23 ਜ਼ਿਲ੍ਹਾ ਖੇਡ ਅਧਿਕਾਰੀਆਂ ਨੇ ਔਨਲਾਈਨ ਸ਼ਿਰਕਤ ਕੀਤੀ, ਜਦੋਂ ਕਿ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀਆਂ ਨੇ ਯੂਨੀਵਰਸਿਟੀ ਕੈਂਪਸ ਵਿੱਚ ਹਿੱਸਾ ਲਿਆ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਕਿਹਾ ਕਿ ਗੱਲਬਾਤ ਦਾ ਮੁੱਖ ਉਦੇਸ਼ ਯੂਨੀਵਰਸਿਟੀ ਅਤੇ ਇਸਦੇ ਸਬੰਧਤ ਕਾਲਜਾਂ ਦੇ ਅਕਾਦਮਿਕ ਪ੍ਰੋਗਰਾਮਾਂ, ਯੋਗਤਾ ਮਾਪਦੰਡਾਂ ਅਤੇ ਦਾਖਲਾ ਪ੍ਰਕਿਰਿਆਵਾਂ ਬਾਰੇ ਚਾਹਵਾਨ ਖਿਡਾਰੀਆਂ ਵਿੱਚ ਜਾਗਰੂਕਤਾ ਫੈਲਾਉਣਾ ਰਿਹਾ ਤਾਂ ਜੋ ਪ੍ਰਤਿਭਾਸ਼ਾਲੀ ਖਿਡਾਰੀ ਆਪਣੇ ਖੇਡ ਕਰੀਅਰ ਦੇ ਨਾਲ-ਨਾਲ ਮਿਆਰੀ ਸਿੱਖਿਆ ਪ੍ਰਾਪਤ ਕਰਨ ਦੇ ਮੌਕੇ ਗੁਆ ਨਾ ਸਕਣ।

ਵਾਈਸ ਚਾਂਸਲਰ ਨੇ ਕਿਹਾ ਕਿ ਕਾਲਜਾਂ ਵਿੱਚ ਖੇਡ ਵਿੰਗਾਂ ਦੀ ਮੁੜ ਸੁਰਜੀਤੀ, ਅੰਤਰ-ਕਾਲਜ ਟੂਰਨਾਮੈਂਟਾਂ ਨੂੰ ਮਜ਼ਬੂਤ ਕਰਨ, ਏਆਈਯੂ ਮੁਕਾਬਲਿਆਂ ਦੇ ਨਿਰਪੱਖ ਅਤੇ ਪਾਰਦਰਸ਼ੀ ਆਯੋਜਨ ਨੂੰ ਯਕੀਨੀ ਬਣਾਉਣ, ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਦਾਖਲਿਆਂ ਲਈ ਸਲਾਹ ਦੇਣ, ਪਿੰਡ ਦੇ ਜਿਮ ਇੰਸਟ੍ਰਕਟਰਾਂ ਲਈ ਸਿਖਲਾਈ ਪ੍ਰੋਗਰਾਮ ਆਯੋਜਿਤ ਕਰਨ ਅਤੇ ਰੁਜ਼ਗਾਰ ਦੇ ਮੌਕਿਆਂ ਨਾਲ ਜੁੜੇ ਵਿਸ਼ੇਸ਼ ਖੇਡ ਉਦਯੋਗ-ਅਧਾਰਤ ਕੋਰਸ ਸ਼ੁਰੂ ਕਰਨ 'ਤੇ ਵੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।

ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਅੱਗੇ ਦੱਸਿਆ ਕਿ ਪੰਜਾਬ ਭਰ ਦੇ ਖਿਡਾਰੀਆਂ ਵਿੱਚ ਦਾਖਲਾ ਜਾਣਕਾਰੀ, ਪ੍ਰਾਸਪੈਕਟਸ ਅਤੇ ਆਊਟਰੀਚ ਸਮੱਗਰੀ ਦੀ ਨਿਯਮਤ ਸਾਂਝੇਦਾਰੀ ਲਈ ਯੂਨੀਵਰਸਿਟੀ ਅਤੇ ਜ਼ਿਲ੍ਹਾ ਖੇਡ ਅਧਿਕਾਰੀਆਂ ਵਿਚਕਾਰ ਇੱਕ ਸਮਰਪਿਤ ਸੰਚਾਰ ਵਿਧੀ ਨੂੰ ਵੀ ਅੰਤਿਮ ਰੂਪ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਸਾਰੇ ਏਜੰਡੇ ਨੂੰ ਅੱਗੇ ਲੋੜੀਂਦੀ ਕਾਰਵਾਈ ਲਈ ਸਰਬਸੰਮਤੀ ਨਾਲ ਅਪਣਾਇਆ ਗਿਆ ਹੈ, ਜੋ ਕਿ ਪੰਜਾਬ ਦੇ ਖੇਡ ਸੱਭਿਆਚਾਰ ਨੂੰ ਮਜ਼ਬੂਤ ਕਰਨ ਅਤੇ ਰਾਜ ਭਰ ਦੇ ਖਿਡਾਰੀਆਂ ਲਈ ਇੱਕ ਮਜ਼ਬੂਤ ਸਹਾਇਤਾ ਪ੍ਰਣਾਲੀ ਬਣਾਉਣ ਪ੍ਰਤੀ ਸਾਂਝੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

## ਪਟਿਆਲਾ ਜ਼ਿਲ੍ਹੇ ਵਿੱਚ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਵਾਹਨਾਂ ਦੀ ਵਿਸ਼ੇਸ਼ ਚੈਕਿੰਗ ਮੁਹਿੰਮ

### ਬੱਚਿਆਂ ਦੀ ਸੜਕ ਸੁਰੱਖਿਆ ਟਰਾਂਸਪੋਰਟ ਵਿਭਾਗ, ਸਕੂਲ ਪ੍ਰਬੰਧਕਾਂ, ਵਾਹਨ ਚਾਲਕਾਂ ਅਤੇ ਮਾਪਿਆਂ ਦੀ ਸਾਂਝੀ ਜ਼ਿੰਮੇਵਾਰੀ – ਆਰ.ਟੀ.ਓ ਡਾ. ਪੂਨਮ ਪ੍ਰੀਤ ਕੌਰ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 25 ਮਈ : ਸੇਫ ਸਕੂਲ ਵਾਹਨ ਪਾਲਿਸੀ ਤਹਿਤ ਅਤੇ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਪਟਿਆਲਾ ਜ਼ਿਲ੍ਹੇ ਵਿੱਚ ਖ਼ਾਸ ਚੈਕਿੰਗ ਅਤੇ ਜਾਗਰੂਕਤਾ ਮੁਹਿੰਮ ਚਲਾਈ ਗਈ। ਪਟਿਆਲਾ ਦੇ ਰੀਜਨਲ ਟਰਾਂਸਪੋਰਟ ਅਫਸਰ, ਡਾ. ਪੂਨਮ ਪ੍ਰੀਤ ਕੌਰ ਦੀ ਅਗਵਾਈ ਹੇਠ ਚਲਾਈ ਗਈ ਇਸ ਮੁਹਿੰਮ ਦੌਰਾਨ ਸਕੂਲ ਬੱਸਾਂ, ਵੈਨਾਂ ਅਤੇ ਸਕੂਲੀ ਬੱਚਿਆਂ ਨੂੰ ਲਿਜਾਣ ਵਾਲੇ ਹੋਰ ਵਾਹਨਾਂ ਦੀ ਵਿਸਥਾਰ ਨਾਲ ਜਾਂਚ ਕੀਤੀ ਗਈ।

ਡਾ. ਪੂਨਮ ਪ੍ਰੀਤ ਕੌਰ ਨੇ ਦੱਸਿਆ ਕਿ ਜਾਂਚ ਦੌਰਾਨ ਵਾਹਨਾਂ ਦੇ ਪਰਮਿਟ, ਫਿਟਨੈਸ ਸਰਟੀਫਿਕੇਟ, ਇੰਸ਼ੋਰੈਂਸ, ਸਪੀਡ ਗਵਰਨਰ, ਐਮਰਜੈਂਸੀ ਏਗਜ਼ਿਟ, ਅੱਗ ਬੁਝਾਊ ਯੰਤਰ, ਫਸਟ ਏਡ ਬਾਕਸ, ਸੀਸੀਟੀਵੀ ਕੈਮਰੇ ਅਤੇ ਬੈਠਕ ਸਮਰੱਥਾ ਆਦਿ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਦੀ ਜਾਂਚ ਕੀਤੀ ਗਈ।

ਜਿਹੜੇ ਵਾਹਨ ਨਿਰਧਾਰਿਤ ਸੁਰੱਖਿਆ ਮਾਪਦੰਡਾਂ ਦੀ ਉਲੰਘਣਾ ਕਰਦੇ ਪਾਏ ਗਏ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਗਈ। ਉਲੰਘਣਾ ਕਰਨ ਵਾਲਿਆਂ ਦੇ ਚਲਾਨ ਮੌਕੇ 'ਤੇ ਹੀ ਆਨਲਾਈਨ ਪੀ.ਓ.ਐਸ. ਮਸ਼ੀਨਾਂ ਰਾਹੀਂ ਤੁਰੰਤ ਕੱਟੇ ਗਏ ਤਾਂ ਜੋ ਕਾਰਵਾਈ ਵਿੱਚ ਪਾਰਦਰਸ਼ਤਾ ਅਤੇ ਤੇਜ਼ੀ ਬਣੀ ਰਹੇ।

ਰੀਜਨਲ ਟਰਾਂਸਪੋਰਟ ਅਫਸਰ ਨੇ ਦੱਸਿਆ ਕਿ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਕਿ ਕਿਸੇ ਵੀ ਸਕੂਲੀ ਵਾਹਨ ਨੂੰ ਲੰਮੇ ਸਮੇਂ ਲਈ ਨਾ ਰੋਕਿਆ ਜਾਵੇ ਅਤੇ ਸਕੂਲੀ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਜਾਂ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਇਸਦੇ ਨਾਲ ਨਾਲ ਜਾਗਰੂਕਤਾ ਉੱਤੇ ਵੀ ਖ਼ਾਸ ਜ਼ੋਰ ਦਿੱਤਾ ਗਿਆ।

ਡਾ. ਪੂਨਮ ਪ੍ਰੀਤ ਕੌਰ ਨੇ ਖੁਦ ਬੱਚਿਆਂ ਦੇ ਮਾਪਿਆਂ ਅਤੇ ਸਰਪ੍ਰਸਤਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਬੱਚਿਆਂ ਦੀ ਸੁਰੱਖਿਆ ਸੰਬੰਧੀ ਆਪਣੀ ਜ਼ਿੰਮੇਵਾਰੀ ਬਾਰੇ ਜਾਗਰੂਕ ਕੀਤਾ।ਮਾਪਿਆਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਬੱਚਿਆਂ ਨੂੰ ਓਵਰਲੋਡ, ਗੈਰ-ਅਧਿਕਾਰਤ ਜਾਂ ਅਸੁਰੱਖਿਅਤ ਵਾਹਨਾਂ ਵਿੱਚ ਨਾ ਭੇਜਣ ਅਤੇ ਇਹ ਯਕੀਨੀ ਬਣਾਉਣ ਕਿ ਬੱਚਿਆਂ ਨੂੰ ਲਿਜਾਣ ਵਾਲੇ ਵਾਹਨ ਸੇਫ ਸਕੂਲ ਵਾਹਨ ਪਾਲਿਸੀ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਦੇ ਹੋਣ।

ਆਰ.ਟੀ.ਓ. ਨੇ ਕਿਹਾ ਕਿ ਬੱਚਿਆਂ ਦੀ ਸੜਕ ਸੁਰੱਖਿਆ ਟਰਾਂਸਪੋਰਟ ਵਿਭਾਗ, ਸਕੂਲ ਪ੍ਰਬੰਧਕਾਂ, ਵਾਹਨ ਚਾਲਕਾਂ ਅਤੇ ਮਾਪਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਚੈਕਿੰਗ ਅਤੇ ਜਾਗਰੂਕਤਾ ਮੁਹਿੰਮਾਂ ਲਗਾਤਾਰ ਜਾਰੀ ਰਹਿਣਗੀਆਂ ਤਾਂ ਜੋ ਸਕੂਲੀ ਬੱਚਿਆਂ ਲਈ ਸੁਰੱਖਿਅਤ ਆਵਾਜਾਈ ਸੁਨਿਸ਼ਚਿਤ ਕੀਤੀ ਜਾ ਸਕੇ।

## ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਦੀ ਚੜ੍ਹਦੀ ਕਲਾ ਵਾਸਤੇ ਧਾਰਮਿਕ ਸਮਾਗਮ ਕਰਵਇਆ

ਵਰਲਡ ਪੰਜਾਬੀ ਟਾਈਮਜ਼



ਬਰਨਾਲਾ-25 ਮਈ : ਜਲਾਵਤਨੀ ਸਿੱਖ ਆਗੂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜਨਰਲ ਸਕੱਤਰ ਯੁਨਾਈਟਿਡ ਖਾਲਸਾ ਦਲ ਯੂ.ਕੇ ਅਤੇ ਕੋਆਰਡੀਨੇਟਰ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ.ਕੇ ਦੀ ਚੜ੍ਹਦੀ ਕਲਾ-ਸਿਹਤਯਾਬੀ ਵਾਸਤੇ ਪਿੰਡ ਚੌਹਾਨਕੇ ਕਲਾਂ ਬਸ਼ਿੰਦਾ ਪੱਤੀ ਦੇ ਗੁਰਦਵਾਰਾ ਸਾਹਿਬ ਵਿਖੇ ਭਾਈ ਅੰਮ੍ਰਿਤਪਾਲ ਸਿੰਘ ਜੋਧਪੁਰੀ ਵੱਲੋਂ ਧਾਰਮਿਕ ਸਮਾਗਮ ਕੀਤਾ ਗਿਆ। ਗੌਰਤਲਬ ਹੈ ਕਿ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਦਾ ਨਾਮ ਅੱਜ-ਕਲ ਪੁਲਿਸ ਮਹਿਕਮੇ ਅਤੇ ਇੰਟੈਲੀਜੈਂਸ ਏਜੰਸੀਆਂ ਵਿੱਚ ਬਹੁਤ ਜਿਆਦਾ ਚਰਚਿਤ ਹੈ। ਪੁਲਿਸ ਅਤੇ ਏਜੰਸੀਆਂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨਾਲ ਟੈਲੀਫੋਨ ਤੇ ਰਾਬਤਾ ਕਰਨ ਅਤੇ ਉਸ ਪਾਸੋਂ ਆਰਥਿਕ ਸਹਾਇਤਾ ਪ੍ਰਾਪਤ ਕਰਨ ਵਾਲਿਆਂ ਨੂੰ ਪੰਜਾਬ ਭਰ ਦੇ ਪੁੱਛ-ਗਿੱਛ ਕੇਂਦਰਾਂ ਵਿੱਚ ਸੱਦ ਰਹੀ ਹੈ। ਏਜੰਸੀਆਂ ਵੱਲੋਂ ਇਹਨਾਂ ਵਿਅਕਤੀਆਂ ਦੀ ਗਿਣਤੀ ਇੱਕ ਸੌ ਤੋਂ ਜਿਆਦਾ ਦੱਸੀ ਗਈ ਹੈ। ਕਈ ਪਰਿਵਾਰਾਂ ਨੂੰ ਤਿੰਨ-ਤਿੰਨ ਵਾਰ ਸੱਦਿਆ ਜਾ ਚੁੱਕਾ ਹੈ। ਜਿਹਨਾਂ ਵਿੱਚ ਕਈ ਸ਼ਹੀਦ ਪਰਿਵਾਰ ਵੀ ਹਨ। ਕੁੱਝ ਵਿਅਕਤੀਆਂ ਪਾਸੋ ਲਿਖਤੀ ਤੌਰ ਤੇ ਭਰੋਸਾ ਲਿਆ ਗਿਆ ਹੈ ਕਿ ਉਹ ਭਵਿੱਖ ਵਿੱਚ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨਾਲ ਕਿਸੇ ਵੀ ਤਰਾਂ ਦਾ ਸੰਪਰਕ ਨਹੀਂ ਕਰਨਗੇ ਅਤੇ ਉਨਾਂ ਕੋਲੋਂ ਆਪਣੇ ਸਾਹਮਣੇ ਨੰਬਰ ਬਲਾਕ ਕਰਵਾਇਆ ਗਿਆ ਹੈ। ਭਾਈ ਅੰਮ੍ਰਿਤਪਾਲ ਸਿੰਘ ਜੋਧਪੁਰੀ ਦੀ ਵੀ ਇਸ ਸਿਲਸਲੇ ਵਿੱਚ ਚਾਰ ਵਾਰ ਭਾਰੀ ਪੁੱਛ-ਗਿੱਛ ਕੀਤੀ ਗਈ ਹੈ। ਪਰ ਉਸਨੇ ਬੇਪ੍ਰਵਾਹੀ ਦਾ ਸਬੂਤ ਦਿੰਦਿਆਂ ਐਤਵਾਰ ਸਵੇਰ ਦੇ ਦੀਵਾਨ ਵਿੱਚ ਆਪਣੇ ਸਮੂਹ ਪਰਿਵਾਰ ਸਮੇਤ ਹਾਜਰੀ ਭਰੀ ਅਤੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਨੇ ਸੁਖਮਨੀ ਸਾਹਿਬ ਦੇ ਪਾਠ ਕੀਤੇ। ਉਪਰੰਤ ਭਾਈ ਅੰਮ੍ਰਿਤਪਾਲ ਸਿੰਘ ਜੋਧਪੁਰੀ ਵੱਲੋਂ ਕਥਾ ਵਿਚਾਰ ਕਰਦਿਆਂ ਹੋਇਆਂ ਦੱਸਿਆ ਗਿਆ ਕਿ ਸਾਨੂੰ ਆਪਣੇ ਧਰਮ ਦੇ ਅਕੀਦੇ ਤੇ ਚੱਲਣਾ ਚਾਹੀਦਾ ਹੈ। ਫਿਰ ਪਰਮਾਤਮਾ ਤੁਹਾਨੂੰ ਹਰ ਮੋੜ 'ਤੇ ਤਾਕਤ ਬਖਸ਼ਦਾ ਹੈ। ਇਮਾਨਦਾਰੀ ਦੇ ਰਸਤੇ ਤੇ ਚੱਲਣ ਵਾਲਿਆਂ ਨੂੰ ਬਹੁਤ ਜਿਆਦਾ ਕਠਿਨਾਈਆਂ ਅਤੇ ਔਖਿਆਈ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਦਿਲ ਵਿੱਚ ਹਮੇਸ਼ਾਂ ਭਲਾਈ ਰੱਖ ਕੇ ਚੱਲਣ ਵਾਲਿਆਂ ਦਾ ਪਰਮਾਤਮਾ ਸਹਾਈ ਹੁੰਦਾ ਹੈ। ਉਹਨਾਂ ਨੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਜੀ ਦੇ ਸੰਘਰਸ਼ੀ ਜੀਵਨ 'ਤੇ ਵੀ ਚਾਨਣਾ ਪਾਇਆ। ਕਿਹਾ ਕਿ ਸਾਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਲੜ ਲੱਗ ਕੇ ਖੰਡੇ ਬਾਟੇ ਦੀ ਪਹੁੱਲ ਛੱਕ ਕੇ ਗੁਰੂ ਵਾਲੇ ਬਣਨਾ ਚਾਹੀਦਾ ਹੈ। ਸਾਡੇ ਜੀਵਨ ਦਾ ਇਹ ਹੀ ਅਸਲ ਮਨੋਰਥ ਹੈ।

## ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਦੀ ਕਿਤਾਬ ਦਾ ਲੈਸਟਰ, ਯੂ.ਕੇ ਵਿਖੇ ਹੋਇਆ ਲੋਕ ਅਰਪਣ

### “ਸਿੱਦਕੀ ਤੇ ਸੰਘਰਸ਼ੀ” ਕਿਤਾਬ ਬਹੁਤ ਨਿਵੇਕਲੇ ਅਤੇ ਅਣਗੌਲੇ ਚੈਪਟਰਾਂ ‘ਤੇ ਅਧਾਰਿਤ ਹੈ

ਵਰਲਡ ਪੰਜਾਬੀ ਟਾਈਮਜ਼
ਰਸ਼ਪਿੰਦਰ ਕੌਰ ਗਿੱਲ

ਲੰਡਨ-25 ਮਈ : ਵਰਤਮਾਨ ਸਮੇਂ ਵਿੱਚ ਸਿੱਖ ਹੱਕਾਂ ਹਿੱਤਾਂ ਦੀ ਪੂਰਤੀ ਅਤੇ ਸਿੱਖ ਕੌਮ ਦੀ ਅਜ਼ਾਦੀ ਵਾਸਤੇ ਦਮਦਮੀ ਟਕਸਾਲ ਦੇ ਮੁਖੀ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆ ਵੱਲੋਂ ਅਰੰਭਿਆ ਹੋਇਆ ਸੰਘਰਸ਼ ਆਪਣੀ ਰਫਤਾਰ ਨਾਲ ਚੱਲ ਰਿਹਾ ਹੈ ਅਤੇ ਜੋ ਕਿ ਵੱਖ-ਵੱਖ ਢੰਗਾਂ ਨਾਲ ਚੱਲਦਾ ਆ ਰਿਹਾ ਹੈ। ਜਿਸ ਵਿੱਚ ਅਣਗਿਣਤ ਸਿੱਖ ਸ਼ਹੀਦ ਹੋ ਚੁੱਕੇ ਹਨ। ਜਿਹਨਾਂ ਦੀ ਅੱਜ ਤੱਕ ਸਹੀ ਅਤੇ ਮੁਕੰਮਲ ਗਿਣਤੀ ਵੀ ਨਹੀਂ ਹੋ ਸਕੀ। ਯੂਨਾਨੀ ਕਹਾਵਤ ਹੈ ਕਿ ਜਿੰਨਾ ਚਿਰ ਬੱਬਰ ਸ਼ੇਰਾਂ ਦੇ ਆਪਣੇ ਇਤਿਹਾਸਕਾਰ ਪੈਦਾ ਨਹੀਂ ਹੁੰਦੇ ਉਨਾਂ ਚਿਰ ਸ਼ਿਕਾਰ ਦੇ ਅਫਸਾਨੇ ਸ਼ਿਕਾਰੀਆਂ ਦੇ ਗੁੱਡੇ ਹੀ ਬੰਨ੍ਹਿਆ ਕਰਦੇ ਹਨ। ਸਿੱਖਾਂ ਬਾਰੇ ਇਹੀ ਧਾਰਨਾ ਰਹੀ ਹੈ ਕਿ ਸਿੱਖ ਇਤਿਹਾਸ ਬਣਾਉਣਾ ਅਤੇ ਦੁਹਰਾਉਣਾ ਜਾਣਦੇ ਹਨ ਪਰ ਸਾਂਭਣਾ ਨਹੀਂ ਜਾਣਦੇ। ਦੂਜਾ ਰੋਸ ਇਹ ਰਿਹਾ ਕਿ ਸਿੱਖਾਂ ਦਾ ਬਹੁਤਾ ਇਤਿਹਾਸ ਗੈਰ ਸਿੱਖਾਂ ਵੱਲੋਂ ਲਿਖਿਆ ਹੋਇਆ ਹੈ। ਜੋ ਕਿ ਅਧੂਰਾ ਹੋਣ ਕਰਕੇ ਸਿੱਖਾਂ ਦੀਆਂ ਕੁਰਬਾਨੀਆਂ ਦੇ ਸਤਿਕਾਰਯੋਗ ਅਕਸ ਨੂੰ ਸਹੀ ਢੰਗ






ਨਾਲ ਪੇਸ਼ ਨਹੀਂ ਕਰ ਸਕਦਾ। ਪਰ ਇਸ ਧਾਰਨਾ ਨੂੰ ਰੱਦ ਕਰਦਿਆਂ ਵਰਤਮਾਨ ਸਿੱਖ ਇਤਿਹਾਸ ਨੂੰ ਇਸ ਖਾਲਿਸਤਾਨ ਦੇ ਸੰਘਰਸ਼ ਦਾ ਖਾਸ ਹਿੱਸਾ ਰਹੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਕਲਮਬੰਦ ਕਰਨ ਦਾ ਯਤਨ ਕੀਤਾ ਗਿਆ। ਇਸ ਸਬੰਧੀ ਅੱਖੀਂ ਵੇਖਿਆ, ਹੱਡੀ ਹੰਢਾਇਆ “ਸੰਘਰਸ਼ ਦਾ ਦੌਰ” ਨਾਮਕ ਕਿਤਾਬ ਲਿਖੀ ਗਈ। ਜਿਸ ਵਿੱਚ ਨਿੱਜੀ ਤਜਰਬੇ ਦੀਆਂ ਅਨੇਕਾਂ ਘਟਨਾਵਾਂ ਅਤੇ ਵੱਖ-ਵੱਖ ਭੰਬਲਭੂਸੇ ਦੂਰ ਕਰਨ ਵਾਸਤੇ ਤੱਥ ਉਜਾਗਰ ਕੀਤੇ ਗਏ ਹਨ। ਜਿਸਦੇ ਦੋ ਐਡੀਸ਼ਨ ਆ ਚੁੱਕੇ ਹਨ। “ਸਿੱਦਕੀ ਤੇ ਸੰਘਰਸ਼ੀ” ਬਹੁਤ ਨਿਵੇਕਲੀ ਅਤੇ ਇਤਿਹਾਸ ਦੀ ਪਹਿਲੀ ਕਿਤਾਬ ਆਖੀ ਜਾ ਸਕਦੀ ਹੈ। ਸੰਘਰਸ਼ ਦੌਰਾਨ ਅਨੇਕਾਂ ਸਿੱਖ ਸ਼ਹੀਦ ਹੋਏ ਹਨ। ਪਰ ਉਹਨਾਂ ਦੀਆਂ ਸ਼ਹਾਦਤਾਂ ਤੋਂ ਬਾਅਦ ਉਹਨਾਂ ਦੇ ਬੱਚਿਆਂ ਨੂੰ ਸ਼ਹੀਦ ਦੀ ਅਮਾਨਤ ਜਾਣ ਕੇ ਸਾਰੀ ਉਮਰ ਸਮਰਪਿਤ ਕਰਕੇ ਜਿਉਣ ਵਾਲੀਆਂ ਉਹਨਾਂ ਦੀਆਂ ਪਤਨੀਆਂ ਦੀ ਕੁਰਬਾਨੀ ਵੀ ਬੇਮਿਸਾਲ ਹੈ। ਜਿਹਨਾਂ ਨੇ ਆਰਥਿਕ ਅਤੇ ਸਮਾਜਿਕ ਦਰਪੇਸ਼ ਮੁਸ਼ਕਲਾਂ ਦਾ ਦ੍ਰਿੜਤਾ ਸਹਿਤ ਮੁਕਾਬਲਾ ਕੀਤਾ, ਸ਼ਹੀਦ ਸਿੰਘ ਦੇ ਮਾਪਿਆਂ ਅਤੇ ਆਪਣੇ ਬੱਚਿਆਂ ਦੀ ਪਰਵਰਿਸ਼ ਕੀਤੀ, ਉਹਨਾਂ ਨੂੰ ਢੇਰ ਸਾਰੀਆਂ ਖੁਸ਼ੀਆ ਦਿੰਦਿਆਂ ਜਿੰਦਗੀ ਦੇ ਮੁਕਾਮ ‘ਤੇ ਅਪੜਾਇਆ। “ਸਿੱਦਕੀ ਤੇ ਸੰਘਰਸ਼ੀ” ਕਿਤਾਬ ਵਿੱਚ ਇਹਨਾਂ ਬੀਬੀਆਂ ਦੀ ਦਾਸਤਾਨ ਹੈ ਅਤੇ ਗੁੰਮਨਾਮੀ ਦੀ ਜਿੰਦਗੀ ਬਸਰ ਕਰਦੇ ਹੋਏ ਅਜਾਦ ਸਿੱਖ ਰਾਜ ਖਾਲਿਸਤਾਨ ਵਾਸਤੇ ਸੰਘਰਸ਼-ਸ਼ੀਲ ਉਹਨਾਂ ਜਲਾਵਤਨੀ ਯੋਧਿਆਂ ਦਾ ਜਿਕਰ ਹੈ ਜਿਹਨਾਂ ਨੇ ਪਿੱਛਾ ਮੁੜ ਕੇ ਨਹੀਂ ਦੇਖਿਆ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਦੀ ਇਹ ਕਿਤਾਬ “ਸਿੱਦਕੀ ਤੇ ਸੰਘਰਸ਼ੀ” ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ ਲੈਸਟਰ ਵਿਖੇ ਰਿਲੀਜ਼ ਕੀਤੀ ਗਈ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਲਿਖੀ ਇਸ ਕਿਤਾਬ ਨੂੰ ਬੀਬੀ ਰਸ਼ਪਿੰਦਰ ਕੌਰ ਗਿੱਲ ਵੱਲੋਂ ਸੰਪਾਦਤ ਕੀਤਾ ਗਿਆ ਹੈ। ਰਿਲੀਜ਼ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੁਰਨਾਮ ਸਿੰਘ ਨਵਾਂਸ਼ਹਿਰ, ਸਟੇਜ ਸਕੱਤਰ ਭਾਈ ਮੁਖਤਿਆਰ ਸਿੰਘ, ਭਾਈ ਰਾਜਮਨਵਿੰਦਰ ਸਿੰਘ ਰਾਜਾ ਕੰਗ, ਭਾਈ ਵਰਿੰਦਰ ਸਿੰਘ ਬਿੱਟੂ, ਭਾਈ ਗੁਰਨਾਮ ਸਿੰਘ ਰੂਪੋਵਾਲੀ, ਭਾਈ ਰਾਜਵੰਤ ਸਿੰਘ ਕੰਗ ਧਰਮੀ ਫੌਜੀ, ਭਾਈ ਮਨਜੀਤ ਸਿੰਘ ਢੱਕ ਮਾਜਰਾ, ਭਾਈ ਭਜਨ ਸਿੰਘ ਢਾਡੀ, ਭਾਈ ਕੁਲਦੀਪ ਸਿੰਘ ਚਹੇੜੂ ਆਦਿ ਮੌਜੂਦ ਸਨ। ਜਿਕਰਯੋਗ ਹੈ ਕਿ ਸਾਢੇ ਤਿੰਨ ਦਹਾਕਿਆਂ ਤੋਂ ਜਲਾਵਤਨੀ ਜੀਵਨ ਬਤੀਤ ਕਰ ਰਿਹਾ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਯੂ.ਕੇ ਦੀਆਂ ਖਾਲਿਸਤਾਨੀ ਜੱਥੇਬੰਦਿਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ.ਕੇ ਦਾ ਕੋਆਰਡੀਨੇਟਰ ਅਤੇ ਯੂਨਾਈਟਿਡ ਖਾਲਸਾ ਦਲ ਯੂ.ਕੇ ਦਾ ਜਨਰਲ ਸਕੱਤਰ ਹੈ।

## 3 ਪੰਜਾਬ ਬਟਾਲੀਅਨ ਐਨਸੀਸੀ, ਲੁਧਿਆਣਾ

### ਬ੍ਰਿਗੇਡੀਅਰ ਪੀਐਸ ਚੀਮਾ, ਐਸਐਮ, ਵੀਐਸਐਮ ਨੇ ਸਾਲਾਨਾ ਐਡਮਿਸ਼ਨ ਨਿਰੀਖਣ 2025-26 ਲਈ 3 ਪੰਜਾਬ ਬਟਾਲੀਅਨ ਐਨਸੀਸੀ, ਲੁਧਿਆਣਾ ਦਾ ਦੌਰਾ ਕੀਤਾ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ, 25 ਮਈ : ਬ੍ਰਿਗੇਡੀਅਰ ਪੀਐਸ ਚੀਮਾ, ਐਸਐਮ, ਵੀਐਸਐਮ ਨੇ ਸਾਲ 2025-26 ਲਈ ਆਪਣੇ ਸਾਲਾਨਾ ਐਡਮਿਸ਼ਨ ਨਿਰੀਖਣ ਲਈ 3 ਪੰਜਾਬ ਬਟਾਲੀਅਨ ਐਨਸੀਸੀ ਦਾ ਦੌਰਾ ਕੀਤਾ, ਜੋ ਕਿ ਯੂਨਿਟ ਲਈ ਇੱਕ ਮਹੱਤਵਪੂਰਨ ਮੌਕਾ ਸੀ ਅਤੇ ਅਧਿਕਾਰੀਆਂ, ਸਟਾਫ ਅਤੇ ਐਨਸੀਸੀ ਕੈਡਿਟਾਂ ਨਾਲ ਅਰਥਪੂਰਨ ਗੱਲਬਾਤ ਦਾ ਮੌਕਾ ਪ੍ਰਦਾਨ ਕਰਦਾ ਸੀ।
ਪਹੁੰਚਣ 'ਤੇ, ਬ੍ਰਿਗੇਡੀਅਰ ਚੀਮਾ ਦਾ ਕਮਾਂਡਿੰਗ ਅਫਸਰ ਕਰਨਲ ਅਜੈ ਕੋਹਲੀ, ਪ੍ਰਸ਼ਾਸਨਿਕ ਅਫਸਰ ਕਰਨਲ ਜੇਪੀ ਸ਼ਰਮਾ ਅਤੇ ਸਬ ਮੇਜਰ ਕਰਨੈਲ ਸਿੰਘ ਨੇ ਨਿੱਘਾ ਸਵਾਗਤ ਕੀਤਾ।

ਨਿਰੀਖਣ ਦੌਰਾਨ, ਬ੍ਰਿਗੇਡੀਅਰ ਚੀਮਾ ਨੇ ਬਟਾਲੀਅਨ ਦੀਆਂ ਗਤੀਵਿਧੀਆਂ ਅਤੇ ਕੰਮਕਾਜ ਦਾ ਜਾਇਜ਼ਾ ਲਿਆ ਅਤੇ ਐਸੋਸੀਏਟ ਐਨਸੀਸੀ ਅਫਸਰਾਂ (ਏਐਨਓ), ਦਫਤਰੀ ਸਟਾਫ ਅਤੇ ਕੈਡਿਟਾਂ ਨਾਲ ਵਿਆਪਕ ਤੌਰ 'ਤੇ ਗੱਲਬਾਤ ਕੀਤੀ। ਉਨ੍ਹਾਂ ਨੇ ਉਨ੍ਹਾਂ ਦੇ ਅਨੁਸ਼ਾਸਨ, ਉਤਸ਼ਾਹ ਅਤੇ ਰਾਸ਼ਟਰੀ ਸੇਵਾ ਪ੍ਰਤੀ ਵਚਨਬੱਧਤਾ ਦੀ ਸ਼ਲਾਘਾ ਕੀਤੀ, ਜਦੋਂ ਕਿ ਉਨ੍ਹਾਂ ਨੂੰ ਲੀਡਰਸ਼ਿਪ ਅਤੇ ਚਰਿੱਤਰ ਨਿਰਮਾਣ ਵਿੱਚ ਉੱਤਮਤਾ ਪ੍ਰਾਪਤ ਕਰਦੇ ਰਹਿਣ ਲਈ ਉਤਸ਼ਾਹਿਤ ਕੀਤਾ।




ਆਪਣੇ ਸੰਬੋਧਨ ਵਿੱਚ, ਬ੍ਰਿਗੇਡੀਅਰ ਚੀਮਾ ਨੇ ਰਾਸ਼ਟਰੀ ਸਿੱਖਿਆ ਨੀਤੀ (NEP) 'ਤੇ ਵਿਸ਼ੇਸ਼ ਜ਼ੋਰ ਦਿੱਤਾ, ਜਿਸ ਵਿੱਚ ਹੁਨਰ ਵਿਕਾਸ, ਨਵੀਨਤਾ ਅਤੇ ਕਦਰਾਂ-ਕੀਮਤਾਂ ਨਾਲ ਸੰਪੂਰਨ ਸਿੱਖਿਆ ਨੂੰ ਜੋੜਨ ਦੇ ਇਸਦੇ ਦ੍ਰਿਸ਼ਟੀਕੋਣ ਨੂੰ ਉਜਾਗਰ ਕੀਤਾ ਗਿਆ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਵੇਂ NCC, ਅਨੁਸ਼ਾਸਨ, ਲੀਡਰਸ਼ਿਪ ਅਤੇ ਭਾਈਚਾਰਕ ਸੇਵਾ 'ਤੇ ਆਪਣੇ ਧਿਆਨ ਦੇ ਨਾਲ, ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਜ਼ਿੰਮੇਵਾਰ ਨਾਗਰਿਕਾਂ ਦੇ ਪਾਲਣ-ਪੋਸ਼ਣ ਦੇ NEP ਦੇ ਉਦੇਸ਼ਾਂ ਨੂੰ ਸਾਕਾਰ ਕਰਨ ਵਿੱਚ ਇੱਕ ਕੁਦਰਤੀ ਭਾਈਵਾਲ ਹੈ।

ਬ੍ਰਿਗੇਡੀਅਰ ਚੀਮਾ ਨੇ NCC ਦੇ ਮਿਸ਼ਨ ਨੂੰ ਵਿਜ਼ਨ 2047 ਨਾਲ ਵੀ ਜੋੜਿਆ, ਜੋ ਕਿ ਆਜ਼ਾਦੀ ਦੀ ਸ਼ਤਾਬਦੀ ਤੱਕ ਇੱਕ ਵਿਕਸਤ ਰਾਸ਼ਟਰ ਬਣਨ ਵੱਲ ਭਾਰਤ ਦਾ ਰੋਡਮੈਪ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ NCC ਕੈਡੇਟ, ਆਪਣੀ ਸਿਖਲਾਈ ਅਤੇ ਸੇਵਾ ਦੇ ਲੋਕਾਚਾਰ ਦੁਆਰਾ, ਯੁਵਾ ਸ਼ਕਤੀ ਦੀ ਨੁਮਾਇੰਦਗੀ ਕਰਦੇ ਹਨ ਜੋ ਰੱਖਿਆ ਤਿਆਰੀ, ਸਮਾਜਿਕ ਜ਼ਿੰਮੇਵਾਰੀ ਅਤੇ ਰਾਸ਼ਟਰ ਨਿਰਮਾਣ ਵਿੱਚ ਭਾਰਤ ਦੀ ਤਰੱਕੀ ਨੂੰ ਅੱਗੇ ਵਧਾਏਗੀ।

ਉਨ੍ਹਾਂ ਨੇ ਟਿੱਪਣੀ ਕੀਤੀ ਕਿ NCC ਸਿਰਫ਼ ਇੱਕ ਵਰਦੀਧਾਰੀ ਯੁਵਾ ਸੰਗਠਨ ਨਹੀਂ ਹੈ, ਸਗੋਂ ਇੱਕ ਪਰਿਵਰਤਨਸ਼ੀਲ ਪਲੇਟਫਾਰਮ ਹੈ ਜੋ NEP ਦੇ ਵਿਦਿਅਕ ਸੁਧਾਰਾਂ ਅਤੇ ਵਿਜ਼ਨ 2047 ਦੀਆਂ ਇੱਛਾਵਾਂ ਨਾਲ ਮੇਲ ਖਾਂਦਾ ਹੈ। ਅਨੁਸ਼ਾਸਨ, ਲਚਕੀਲੇਪਣ ਅਤੇ ਨਾਗਰਿਕ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਕੇ, NCC ਕੈਡੇਟ ਭਾਰਤ ਦੇ ਭਵਿੱਖ ਦੇ ਮਸ਼ਾਲਦਾਰ ਬਣਨ ਦੀ ਤਿਆਰੀ ਕਰ ਰਹੇ ਹਨ।

ਇਸ ਦੌਰੇ ਨੇ ਬਟਾਲੀਅਨ ਦੇ ਕੈਡਿਟਾਂ ਅਤੇ ਸਟਾਫ਼ ਵਿੱਚ ਪ੍ਰੇਰਣਾ ਅਤੇ ਪੇਸ਼ੇਵਰਤਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ, ਜਿਸ ਨਾਲ ਰਾਸ਼ਟਰੀ ਵਿਕਾਸ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਵਜੋਂ ਐਨਸੀਸੀ ਦੀ ਭੂਮਿਕਾ ਦੀ ਪੁਸ਼ਟੀ ਹੋਈ।

## ਠੀਕ ਐ ਜੀ, ਬੀਬੀ ਤਰਵਿੰਦਰ ਕੌਰ ਖਾਲਸਾ ਜੀ ਦੀ ਗੱਲ ਦਾ ਜਵਾਬ ਤੁਹਾਡੇ ਅੰਦਾਜ਼ ‘ਚ ਇਸ ਤਰ੍ਹਾਂ ਦਿੱਤਾ ਜਾ ਸਕਦਾ ਐ – ਸਿੱਧਾ, ਸਪੱਸ਼ਟ ਤੇ ਸਿੱਖ ਇਤਿਹਾਸ ਦੇ ਹਵਾਲੇ ਨਾਲ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਬੀਬੀ ਤਰਵਿੰਦਰ ਕੌਰ ਖਾਲਸਾ ਜੀ, ਤੁਸੀਂ ਬਿਲਕੁਲ ਸੱਚ ਕਿਹਾ।

ਕੌਮਾਂ ਤੋਪਾਂ ਨਾਲ ਨਹੀਂ, ਤਲਵਾਰਾਂ ਨਾਲ ਨਹੀਂ – ਆਰਾਮ, ਲਾਲਚ ਤੇ ਸਮਝੌਤਿਆਂ ਨਾਲ ਮਰਦੀਆਂ ਨੇ। ਜਦੋਂ ਕੋਈ ਕੌਮ ਆਪਣੇ ਮੂਲ ਮਕਸਦ ਨੂੰ ਭੁੱਲ ਕੇ ਸਿਰਫ ਸੁੱਖ-ਸਹੂਲਤਾਂ, ਅਹੁਦਿਆਂ ਤੇ ਨਿੱਜੀ ਫਾਇਦਿਆਂ ‘ਚ ਉਲਝ ਜਾਂਦੀ ਐ, ਤਾਂ ਉਸਦੀ ਰੂਹ ਮਰ ਜਾਂਦੀ ਐ।

ਇਤਿਹਾਸ ਗਵਾਹ ਐ ਕਿ ਇੰਦਰਾ ਗਾਂਧੀ ਨੇ ਵੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅੱਗੇ ਕਰੋੜਾਂ ਦੀਆਂ ਆਫਰਾਂ, ਪ੍ਰਭਾਵ, ਪ੍ਰਚਾਰ ਦੀ ਖੁੱਲ੍ਹ ਰੱਖੀ... ਬਸ ਸ਼ਰਤ ਇੱਕ ਸੀ – ਸਿਸਟਮ ਦੇ ਖਿਲਾਫ ਨਾ ਖੜ੍ਹੋ, ਪੰਜਾਬ ਦੇ ਹੱਕਾਂ, ਪਾਣੀਆਂ, ਧਾਰਮਿਕ ਦਖਲਅੰਦਾਜ਼ੀ ਤੇ ਸਿੱਖ ਪਛਾਣ ਦੀ ਗੱਲ ਨਾ ਕਰੋ।
ਪਰ ਸੰਤ ਜੀ ਨੇ ਉਹ ਸਭ ਕੁਝ ਜੁੱਤੀ ਦੀ ਨੋਕ ‘ਤੇ ਰੱਖਿਆ। ਉਹ ਵਿਕੇ ਨਹੀਂ, ਜੂਝ ਕੇ ਸ਼ਹੀਦੀ ਪਾਈ। ਅੱਜ ਵੀ ਉਨ੍ਹਾਂ ਦੀ ਤਸਵੀਰ ਤੋਂ ਜ਼ੁਲਮ ਦੇ ਪਾਲਕਾਂ ਨੂੰ ਖੌਫ ਆਉਂਦਾ ਐ।

ਇਹੀ ਗੱਲ ਔਰੰਗਜ਼ੇਬ ਵੇਲੇ ਵੀ ਸੀ। ਉਹ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ‘ਚ ਰਹਿਣ, ਕੀਰਤਨ ਕਰਨ, ਦਰਬਾਰ ਲਾਉਣ ਦੀ ਇਜਾਜ਼ਤ ਦੇਣ ਲਈ ਤਿਆਰ ਸੀ... ਬਸ ਖਾਲਸੇ ਨੂੰ ਜੰਗੀ ਰੂਹ ਨਾ ਦਿਓ, ਜ਼ੁਲਮ ਦੇ ਖਿਲਾਫ ਨਾ ਖੜ੍ਹੋ।
ਪਰ ਗੁਰੂ ਸਾਹਿਬ ਨੇ ਸਮਝੌਤਾ ਨਹੀਂ ਕੀਤਾ। ਖਾਲਸਾ ਪੰਥ ਸਿਰਜਿਆ, ਜੋ ਅੱਜ ਤੱਕ ਜ਼ੁਲਮ ਦੇ ਖਿਲਾਫ ਖੜ੍ਹਾ ਐ।

ਅੱਜ ਵੀ ਸਾਡੇ ਸਾਹਮਣੇ ਉਹੀ ਪਰੀਖਿਆ ਐ।
ਜੇ ਅਸੀਂ ਸਿਰਫ ਕੁਰਸੀਆਂ, ਸਹੂਲਤਾਂ ਤੇ ਨਿੱਜੀ ਫਾਇਦਿਆਂ ਲਈ ਆਪਣੀ ਪਛਾਣ, ਆਪਣੇ ਹੱਕ ਤੇ ਆਪਣੀ ਜ਼ਮੀਰ ਵੇਚ ਦਿੱਤੀ, ਤਾਂ ਅਸੀਂ ਵੀ ਉਸੇ ਰਾਹ ‘ਤੇ ਤੁਰ ਪਏ ਜਿੱਥੇ ਕੌਮਾਂ ਮਰਦੀਆਂ ਨੇ।

ਇਸ ਲਈ ਇੰਟਰਨੈਸ਼ਨਲ ਸਿੱਖ ਕੌਂਸਿਲ ਦੇ ਮੈਂਬਰ ਹੋਣ ਦੇ ਨਾਤੇ ਮੇਰਾ ਫਰਜ਼ ਬਣਦਾ ਐ ਕਿ ਮੈਂ ਵੀ ਉਹੀ ਰਾਹ ਚੁਣਾਂ ਜੋ ਸੰਤ ਜਰਨੈਲ ਸਿੰਘ ਨੇ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਦਿਖਾਇਆ –
ਨਾ ਝੁਕਣਾ, ਨਾ ਵਿਕਣਾ, ਨਾ ਸਮਝੌਤਾ ਕਰਨਾ... ਸਿਰਫ ਸੱਚ ਤੇ ਸਿੱਖ ਪਛਾਣ ਦੇ ਨਾਲ ਖੜ੍ਹਨਾ।

ਗੁਰੂ ਪੰਥ ਕਾ ਰਾਜ ਹੋਵੇ,
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

## ਮਹਿੰਦਰ ਸਿੰਘ ਝੱਮਟ — ਪੰਜਾਬੀ ਸਾਹਿਤ ਅਤੇ ਸੰਗੀਤ ਦਾ ਰੂਹਾਨੀ ਚਿਹਰਾ

ਵਰਲਡ ਪੰਜਾਬੀ ਟਾਈਮਜ਼
ਹਰਸ਼ਿੰਦਰ ਕੌਰ ਬਰਾੜ



ਪੰਜਾਬੀ ਸਾਹਿਤ, ਲੋਕ ਗਾਇਕੀ ਅਤੇ ਸਭਿਆਚਾਰ ਦੀ ਦੁਨੀਆ ਵਿੱਚ ਕੁਝ ਅਜਿਹੀਆਂ ਸ਼ਖਸੀਅਤਾਂ ਹੁੰਦੀਆਂ ਹਨ ਜੋ ਆਪਣੇ ਫਨ ਨਾਲ ਹੀ ਨਹੀਂ, ਸਗੋਂ ਆਪਣੇ ਨਿਮਰ ਸੁਭਾਉ ਅਤੇ ਇਨਸਾਨੀਅਤ ਨਾਲ ਵੀ ਲੋਕਾਂ ਦੇ ਦਿਲਾਂ ਵਿੱਚ ਹਮੇਸ਼ਾਂ ਲਈ ਵੱਸ ਜਾਂਦੀਆਂ ਹਨ। ਅਜਿਹੇ ਹੀ ਮਾਣਯੋਗ ਅਤੇ ਪਿਆਰੇ ਇਨਸਾਨ ਹਨ ਮਹਿੰਦਰ ਸਿੰਘ ਝੱਮਟ। ਉਹ ਇਕ ਬੇਹਤਰੀਨ ਲੇਖਕ, ਸੁਰੀਲੇ ਗਾਇਕ, ਉੱਚ ਕੋਟੀ ਦੇ ਗੀਤਕਾਰ ਅਤੇ ਕੋਹਿਨੂਰ ਟਾਈਮਜ਼ ਜਰਮਨੀ ਦੇ ਸਹਿ ਸੰਪਾਦਕ ਵਜੋਂ ਪੰਜਾਬੀ ਸਾਹਿਤਕ ਅਤੇ ਸੰਗੀਤਕ ਜਗਤ ਵਿੱਚ ਆਪਣੀ ਵਿਲੱਖਣ ਪਛਾਣ ਬਣਾ ਚੁੱਕੇ ਹਨ। ਉਹਨਾਂ ਦੀ ਕਲਮ ਵਿੱਚ ਸੱਚਾਈ ਦੀ ਤਾਕਤ, ਗਾਇਕੀ ਵਿੱਚ ਰੂਹਾਨੀਅਤ ਅਤੇ ਸੁਭਾਉ ਵਿੱਚ ਨਿਮਰਤਾ ਦਾ ਅਨੋਖਾ ਮਿਲਾਪ ਵੇਖਣ ਨੂੰ ਮਿਲਦਾ ਹੈ।

ਮੇਰੇ ਪਰਿਵਾਰ ਨਾਲ ਵੀਰ ਜੀ ਦਾ ਰਿਸ਼ਤਾ ਪਿਛਲੇ ਅਠਾਈ ਸਾਲਾਂ ਤੋਂ ਬਣਿਆ ਹੋਇਆ ਹੈ। ਇਹ ਰਿਸ਼ਤਾ ਸਿਰਫ਼ ਜਾਣ-ਪਛਾਣ ਤੱਕ ਸੀਮਿਤ ਨਹੀਂ, ਸਗੋਂ ਪਿਆਰ, ਸਤਿਕਾਰ ਅਤੇ ਪਰਿਵਾਰਕ ਸਾਂਝ ਨਾਲ ਜੁੜਿਆ ਹੋਇਆ ਇਕ ਅਟੁੱਟ ਨਾਤਾ ਹੈ। ਵੀਰ ਜੀ ਨੇ ਸਾਡੇ ਪਰਿਵਾਰ ਨਾਲ ਕਈ ਸੁਹਾਵਣੇ ਪਲ ਬਿਤਾਏ ਹਨ। ਉਹ ਦਿਨ ਅੱਜ ਵੀ ਸਾਡੀਆਂ ਯਾਦਾਂ ਵਿੱਚ ਤਾਜ਼ਾ ਹਨ। ਜਦੋਂ ਵੀ ਉਹ ਸਾਡੇ ਘਰ ਆਉਂਦੇ ਸਨ ਤਾਂ ਮਾਹੌਲ ਵਿੱਚ ਇਕ ਵੱਖਰੀ ਹੀ ਰੌਣਕ ਪੈ ਜਾਂਦੀ ਸੀ। ਉਹਨਾਂ ਦੀਆਂ ਗੱਲਾਂ ਵਿੱਚ ਮਿੱਠਾਸ, ਚਿਹਰੇ ‘ਤੇ ਪਿਆਰ ਭਰੀ ਮੁਸਕਾਨ ਅਤੇ ਹਰ ਕਿਸੇ ਨੂੰ ਆਪਣਾ ਬਣਾਉਣ ਵਾਲਾ ਸੁਭਾਉ ਹੁੰਦਾ ਸੀ।

ਸ਼ਾਮ ਦੇ ਸਮੇਂ ਜਦੋਂ ਮਹਿਫ਼ਲ ਸਜਦੀ ਸੀ ਤਾਂ ਵੀਰ ਜੀ ਆਪਣੀਆਂ ਲਿਖੀਆਂ ਰਚਨਾਵਾਂ ਅਤੇ ਧਾਰਮਿਕ ਗੀਤਾਂ ਰਾਹੀਂ ਹਰ ਇੱਕ ਦਾ ਮਨ ਮੋਹ ਲੈਂਦੇ ਸਨ। ਉਹਨਾਂ ਦੀ ਆਵਾਜ਼ ਵਿੱਚ ਇਕ ਅਜਿਹਾ ਜਾਦੂ ਸੀ ਜੋ ਸਿੱਧਾ ਦਿਲ ਵਿੱਚ ਉਤਰ ਜਾਂਦਾ ਸੀ। ਉਹ ਸਿਰਫ਼ ਗਾਉਂਦੇ ਹੀ ਨਹੀਂ ਸਨ, ਸਗੋਂ ਹਰ ਸ਼ਬਦ ਨੂੰ ਰੂਹ ਨਾਲ ਮਹਿਸੂਸ ਕਰਵਾ ਦਿੰਦੇ ਸਨ। ਉਹਨਾਂ ਦੇ ਗੀਤਾਂ ਵਿੱਚ ਪੰਜਾਬੀ ਮਿੱਟੀ ਦੀ ਖੁਸ਼ਬੂ, ਸਿੱਖੀ ਦੀ ਮਹਾਨਤਾ ਅਤੇ ਮਨੁੱਖਤਾ ਦਾ ਡੂੰਘਾ ਸੰਦੇਸ਼ ਸਮਾਇਆ ਹੁੰਦਾ ਸੀ।

ਵੀਰ ਜੀ ਦੇ ਗਾਏ ਹੋਏ ਪ੍ਰਸਿੱਧ ਗੀਤ “ਸਿੱਖੀ ਦੇ ਮਹਿਲ ਉਸਾਰ ਗਿਆ”, “ਮੀਰੀ ਪੀਰੀ ਦੀ ਤਲਵਾਰ”, “ਸਰਦਾਰ ਭਗਤ ਸਿੰਘ ਦੀ ਘੋੜੀ” ਅਤੇ “ਮੇਰੇ ਸਤਿਗੁਰ ਬਾਬਾ ਨਾਨਕਾ” ਅੱਜ ਵੀ ਰੂਹ ਨੂੰ ਅਨੰਦ ਅਤੇ ਸ਼ਾਂਤੀ ਨਾਲ ਭਰ ਦਿੰਦੇ ਹਨ। ਜਦੋਂ ਉਹ ਇਹ ਗੀਤ ਗਾਉਂਦੇ ਸਨ ਤਾਂ ਹਰ ਪਾਸੇ ਇਕ ਰੂਹਾਨੀ ਮਾਹੌਲ ਬਣ ਜਾਂਦਾ ਸੀ। ਉਹਨਾਂ ਦੀ ਗਾਇਕੀ ਵਿੱਚ ਸਿਰਫ਼ ਸੁਰਾਂ ਦੀ ਮਿਠਾਸ ਨਹੀਂ, ਸਗੋਂ ਸੱਚੀ ਭਾਵਨਾ ਅਤੇ ਰੂਹ ਦੀ ਗੂੰਜ ਮਹਿਸੂਸ ਹੁੰਦੀ ਸੀ।

ਖਾਸ ਕਰਕੇ “ਸਰਦਾਰ ਭਗਤ ਸਿੰਘ ਦੀ ਘੋੜੀ” ਵਰਗੇ ਗੀਤਾਂ ਰਾਹੀਂ ਉਹਨਾਂ ਨੇ ਨੌਜਵਾਨਾਂ ਵਿੱਚ ਦੇਸ਼ ਪ੍ਰੇਮ ਅਤੇ ਸ਼ਹੀਦਾਂ ਪ੍ਰਤੀ ਸਤਿਕਾਰ ਦੀ ਭਾਵਨਾ ਜਗਾਈ। ਉਹਨਾਂ ਦੇ ਗੀਤ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਸਨ, ਸਗੋਂ ਸਮਾਜ ਲਈ ਇਕ ਸੰਦੇਸ਼ ਅਤੇ ਪ੍ਰੇਰਣਾ ਦਾ ਸਰੋਤ ਵੀ ਸਨ। ਉਹਨਾਂ ਦੀ ਹਰ ਰਚਨਾ ਵਿੱਚ ਸੱਚਾਈ, ਸਮਾਜਿਕ ਚੇਤਨਾ ਅਤੇ ਪੰਜਾਬੀਅਤ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ।

ਮਹਿੰਦਰ ਸਿੰਘ ਝੱਮਟ ਜੀ ਨੂੰ ਪੰਜਾਬੀ ਲੋਕ ਬੋਲੀਆਂ ਅਤੇ ਸਭਿਆਚਾਰ ਨਾਲ ਬੇਹੱਦ ਪਿਆਰ ਹੈ। ਜਦੋਂ ਉਹ ਲੋਕ ਗੀਤ ਜਾਂ ਬੋਲੀਆਂ ਗਾਉਂਦੇ ਸਨ ਤਾਂ ਪੰਜਾਬ ਦੇ ਪਿੰਡਾਂ ਦੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਸਨ। ਉਹਨਾਂ ਦੀਆਂ ਰਚਨਾਵਾਂ ਵਿੱਚ ਪੰਜਾਬ ਦੀ ਮਿੱਟੀ, ਲੋਕ ਜੀਵਨ ਅਤੇ ਪੁਰਾਤਨ ਰਸਮਾਂ ਦੀ ਸੁਗੰਧ ਮਹਿਸੂਸ ਹੁੰਦੀ ਹੈ। ਉਹ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ ਹਨ ਜੋ ਆਪਣੀ ਕਲਾ ਰਾਹੀਂ ਪੰਜਾਬੀਅਤ ਨੂੰ ਦੁਨੀਆ ਭਰ ਵਿੱਚ ਪ੍ਰਸਾਰਿਤ ਕਰ ਰਹੇ ਹਨ।

ਇਕ ਵਧੀਆ ਕਲਾਕਾਰ ਹੋਣ ਦੇ ਨਾਲ-ਨਾਲ ਵੀਰ ਜੀ ਬਹੁਤ ਹੀ ਸਾਦੇ, ਨਿਮਰ ਅਤੇ ਪਿਆਰ ਕਰਨ ਵਾਲੇ ਇਨਸਾਨ ਹਨ। ਉਹਨਾਂ ਨੇ ਹਮੇਸ਼ਾਂ ਵੱਡੇ ਵੀਰ ਵਾਂਗ ਸਾਡੇ ਪਰਿਵਾਰ ਨੂੰ ਪਿਆਰ ਦਿੱਤਾ ਅਤੇ ਹਰ ਵੇਲੇ ਸਾਥ ਨਿਭਾਇਆ। ਉਹਨਾਂ ਦਾ ਆਪਣਾਪਨ ਹਰ ਮਿਲਣ ਵਾਲੇ ਦੇ ਦਿਲ ‘ਤੇ ਡੂੰਘਾ ਅਸਰ ਛੱਡ ਜਾਂਦਾ ਹੈ। ਅੱਜ ਦੇ ਸਮੇਂ ਵਿੱਚ ਜਿੱਥੇ ਰਿਸ਼ਤਿਆਂ ਵਿੱਚ ਦੂਰੀਆਂ ਵਧ ਰਹੀਆਂ ਹਨ, ਉੱਥੇ ਵੀਰ ਜੀ ਨੇ ਆਪਣੇ ਪਿਆਰ ਅਤੇ ਸੱਚਾਈ ਨਾਲ ਰਿਸ਼ਤਿਆਂ ਦੀ ਅਹਿਮੀਅਤ ਨੂੰ ਕਾਇਮ ਰੱਖਿਆ ਹੈ।

ਸਮੇਂ ਦੇ ਨਾਲ ਵੀਰ ਜੀ ਸ੍ਰੀਨਗਰ ਚਲੇ ਗਏ, ਪਰ ਉਹਨਾਂ ਨਾਲ ਬਿਤਾਏ ਹੋਏ ਸੁਹਾਵਣੇ ਪਲ ਅੱਜ ਵੀ ਯਾਦਾਂ ਵਿੱਚ ਜ਼ਿੰਦਾ ਹਨ। ਉਹਨਾਂ ਦੀਆਂ ਗੱਲਾਂ, ਉਹਨਾਂ ਦੀਆਂ ਮਹਿਫ਼ਲਾਂ ਅਤੇ ਉਹਨਾਂ ਦੇ ਗੀਤ ਅੱਜ ਵੀ ਦਿਲ ਨੂੰ ਖੁਸ਼ੀ ਅਤੇ ਸੱਕੂਨ ਨਾਲ ਭਰ ਦਿੰਦੇ ਹਨ। ਉਹਨਾਂ ਦੀ ਯਾਦ ਹਮੇਸ਼ਾਂ ਇਕ ਮਿੱਠੇ ਅਹਿਸਾਸ ਵਾਂਗ ਮਨ ਵਿੱਚ ਵੱਸਦੀ ਰਹਿੰਦੀ ਹੈ।

ਅੱਜ ਉਹਨਾਂ ਦੇ ਜਨਮਦਿਨ ਦੇ ਇਸ ਖਾਸ ਮੌਕੇ ‘ਤੇ ਅਸੀਂ ਦਿਲੋਂ ਅਰਦਾਸ ਕਰਦੇ ਹਾਂ ਕਿ ਪਰਮਾਤਮਾ ਉਹਨਾਂ ਨੂੰ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰੱਖੇ ਅਤੇ ਉਹ ਇਸੇ ਤਰ੍ਹਾਂ ਪੰਜਾਬੀ ਸਾਹਿਤ, ਗਾਇਕੀ ਅਤੇ ਸਭਿਆਚਾਰ ਦੀ ਨਿਸ਼ਕਾਮ ਸੇਵਾ ਕਰਦੇ ਰਹਿਣ। ਮਹਿੰਦਰ ਸਿੰਘ ਝੱਮਟ ਵਰਗੀਆਂ ਸ਼ਖਸੀਅਤਾਂ ਸਾਡੇ ਸਮਾਜ ਦਾ ਮਾਣ, ਪੰਜਾਬੀਅਤ ਦੀ ਅਸਲੀ ਪਹਿਚਾਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ ਹਨ। ਉਹਨਾਂ ਦੀ ਕਲਮ ਅਤੇ ਆਵਾਜ਼ ਹਮੇਸ਼ਾਂ ਪੰਜਾਬੀ ਸਭਿਆਚਾਰ ਦੀ ਮਹਿਕ ਨੂੰ ਜਿਉਂਦਾ ਰੱਖੇਗੀ।

## ਹੀਟਵੇਵ ਦੇ ਚੱਲਦਿਆਂ ਸਮੇਂ ’ਚ ਤਬਦੀਲੀ; ਹੁਣ ਸਵੇਰੇ 7:30 ਤੋਂ ਦੁਪਹਿਰ 3:30 ਵਜੇ ਤੱਕ ਖੁੱਲ੍ਹੇ ਰਹਿਣਗੇ ਸੇਵਾ ਕੇਂਦਰ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ, 25 ਮਈ : ਵਧੀਕ ਡਿਪਟੀ ਕਮਿਸ਼ਨਰ (ਜ) ਪੂਨਮ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਹੀਟਵੇਵ ਦੇ ਚੱਲਦਿਆਂ ਹੁਣ ਜ਼ਿਲ੍ਹੇ ਦੇ ਸਾਰੇ ਸੇਵਾ ਕੇਂਦਰ ਸਵੇਰੇ 7:30 ਤੋਂ ਦੁਪਹਿਰ 3:30 ਵਜੇ ਤੱਕ ਖੁੱਲ੍ਹੇ ਰਹਿਣਗੇ।

ਉਨ੍ਹਾਂ ਦੱਸਿਆ ਕਿ ਪੰਜਾਬ ਸਟੇਟ ਈ-ਗਵਰਨੈਂਸ ਸੋਸਾਇਟੀ ਅਤੇ ਪੰਜਾਬ ਸਰਕਾਰ ਵੱਲੋਂ ਵਧ ਰਹੀ ਗਰਮੀ ਅਤੇ ਹੀਟਵੇਵ ਦੀ ਸਥਿਤੀ ਦੇ ਮੱਦੇਨਜ਼ਰ ਲੋਕਾਂ ਦੀ ਸਹੂਲਤ ਲਈ ਰਾਜ ਭਰ ਦੇ ਸੇਵਾ ਕੇਂਦਰਾਂ ਦੇ ਕੰਮਕਾਜ ਦੇ ਸਮੇਂ ਵਿੱਚ ਬਦਲਾਅ ਲਿਆਂਦਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਸਾਰੇ ਸੇਵਾ ਕੇਂਦਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹੇ ਰਹਿੰਦੇ ਸਨ, ਹੁਣ ਨਵਾਂ ਸਮਾਂ ਸਵੇਰੇ 7:30 ਤੋਂ ਦੁਪਹਿਰ 3:30 ਵਜੇ ਨਿਰਧਾਰਤ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਨਵਾਂ ਸਮਾਂ ਅੱਜ 25 ਮਈ ਤੋਂ ਸ਼ੁਰੂ ਹੋ ਕੇ ਅਗਲੇ ਹੁਕਮਾਂ ਤੱਕ ਜਾਰੀ ਰਹੇਗਾ।

ਪ੍ਰਸ਼ਾਸ਼ਨ ਵੱਲੋਂ ਜ਼ਿਲ੍ਹੇ ਦੇ ਸਾਰੇ ਸੇਵਾ ਕੇਂਦਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਬਦਲੇ ਹੋਏ ਸਮੇਂ ਦੀ ਜਾਣਕਾਰੀ ਆਮ ਲੋਕਾਂ ਤੱਕ ਡਿਸਪਲੇ ਬੋਰਡ ਅਤੇ ਹੋਰ ਸੰਚਾਰ ਮਾਧਿਅਮ ਰਾਹੀਂਪਹੁੰਚਾਉਣੀ ਯਕੀਨੀ ਬਣਾਈ ਜਾਵੇ ਤਾਂ ਜੋ ਨਾਗਰਿਕਾਂ ਨੂੰ ਸਰਕਾਰੀ ਸੇਵਾਵਾਂ ਪ੍ਰਾਪਤ ਕਰਨ ਲਈ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।